# ਕੀ ਤੁਸੀਂ ਆਪਣੀ ਨਿੱਜੀ ਸੁਰੱਖਿਆ ਬਾਰੇ ਫ਼ਿਕਰਮੰਦ ਹੋ?

**ਹਰ ਕੋਈ ਵਿਅਕਤੀ ਚੋਣ-ਸਬੰਧੀ ਸੂਚੀ ਉੱਤੇ ਆਪਣੇ ਵੇਰਵੇ ਸਾਰਵਜਿਕ ਤੌਰ 'ਤੇ ਉਪਲਬਧ ਕਰਾ ਕੇ ਸੁਰੱਖਿਅਤ ਮਹਿਸੂਸ ਨਹੀਂ ਕਰਦਾ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਉਹ ਆਪਣਾ ਵੋਟ ਪਾਉਣ ਦਾ ਅਧਿਕਾਰ ਗੁਆ ਦਿੰਦਾ ਹਨ।**

ਜੇਕਰ ਤੁਸੀਂ ਆਪਣੀ ਜਾਂ ਆਪਣੇ ਪਰਿਵਾਰ ਦੀ ਨਿੱਜੀ ਸੁਰੱਖਿਆ ਬਾਰੇ ਚਿੰਤਤ ਹੋ, ਤਾਂ ਤੁਸੀਂ ਗੁਪਤ ਗ਼ੈਰ-ਪ੍ਰਕਾਸ਼ਿਤ ਸੂਚੀ ਨੂੰ ਚੁਣਨ ਲਈ ਅਰਜ਼ੀ ਦੇ ਸਕਦੇ ਹੋ। ਤੁਹਾਡੇ ਦਰਜ ਕੀਤੇ ਵੇਰਵੇ ਸੁਰੱਖਿਅਤ ਰੱਖੇ ਜਾਣਗੇ ਅਤੇ ਕਿਸੇ ਨੂੰ ਵੀ ਨਹੀਂ ਦਿੱਤੇ ਜਾਣਗੇ।

ਕੀ ਤੁਸੀਂ ਆਪਣੀ ਨਿੱਜੀ ਸੁਰੱਖਿਆ ਬਾਰੇ ਫ਼ਿਕਰਮੰਦ ਹੋ?

ELECTORAL COMMISSION
TE KAITIAKI TAKE KŌWHIRI



**vote.nz**
**0800 36 76 56**

ROE47B 07/24 Punjabi

## ਕੀ ਹੁੰਦਾ ਹੈ ਜੇ ਮੇਰੇ ਨਿਜੀ ਵੇਰਵੇ ਬਦਲ ਜਾਂਦੇ ਹਨ?

ਜਦੋਂ ਤੁਸੀਂ ਅਣਪ੍ਰਕਾਸ਼ਿਤ ਰੋਲ 'ਤੇ ਹੁੰਦੇ ਹੋ, ਤਾਂ ਤੁਹਾਨੂੰ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਤੁਸੀਂ ਆਪਣੇ ਨਾਮ ਅਤੇ ਪਤੇ ਵਰਗੇ ਕੋਈ ਨਾਮਾਂਕਨ ਵੇਰਵੇ ਬਦਲੇ ਹਨ। ਤੁਸੀਂ ਅਜਿਹਾ ਕਰ ਸਕਦੇ ਹੋ ਕਿ ਇੱਕ ਨਵਾਂ ਨਾਮਾਂਕਨ ਫਾਰਮ ਭਰ ਕੇ ਇਹ ਸਾਨੂੰ ਵਾਪਿਸ ਭੇਜ ਸਕਦੇ ਹੋ। ਜੇਕਰ ਤੁਹਾਡੀਆਂ ਨਿੱਜੀ ਸਥਿਤੀਆਂ ਵਿੱਚ ਤਬਦੀਲੀ ਹੁੰਦੀ ਹੈ ਤਾਂ ਤੁਸੀਂ ਪ੍ਰਕਾਸ਼ਿਤ ਤੌਰ 'ਤੇ ਉਪਲਬਧ ਰੋਲ 'ਤੇ ਪਿੱਛੇ ਜਾਣ ਲਈ ਵੀ ਕਹਿ ਸਕਦੇ ਹੋ।

ਜੇਕਰ ਤੁਹਾਨੂੰ ਕੋਈ ਬਦਲਾਅ ਕਰਨ ਦੀ ਲੋੜ ਹੈ ਤਾਂ ਇਲੈਕਟੋਰਲ ਕਮਿਸ਼ਨ ਨਾਲ ਸੰਪਰਕ ਕਰੋ ਜਾਂ **unpublished.roll@elections.govt.nz** 'ਤੇ ਸਾਨੂੰ ਈ-ਮੇਲ ਕਰੋ।

## ਮੈਂ ਅਪ੍ਰਕਾਸ਼ਤ ਸੂਚੀ ਵਿੱਚ ਰਜਿਸਟਰ ਹੋਣ ਤੋਂ ਬਾਅਦ ਕਿਵੇਂ ਵੋਟ ਕਰ ਸਕਦਾ ਹਾਂ?

ਤੁਸੀਂ ਆਮ ਚੋਣਾਂ ਜਾਂ ਉਪ-ਚੋਣਾਂ ਵਿੱਚ ਪੈਣ ਵਾਲੀਆਂ ਕਿਸੇ ਵੀ ਚੋਣਾਂ ਵਿੱਚ ਵੋਟ ਪਾ ਸਕਦੇ ਹੋ। ਤੁਹਾਨੂੰ ਇੱਕ ਵਿਸ਼ੇਸ਼ ਵੋਟ ਪਾਉਣ ਦੀ ਲੋੜ ਹੋਵੇਗੀ ਕਿਉਂਕਿ ਤੁਹਾਡੇ ਵੇਰਵੇ ਵੋਟ ਕਰਨ ਵਾਲੇ ਸਥਾਨ 'ਤੇ ਵੋਟ ਸੰਬੰਧੀ ਪੇਪਰ ਜਾਰੀ ਕਰਨ ਲਈ ਵਰਤੋਂ ਕੀਤੇ ਪ੍ਰਿੰਟ ਕੀਤੇ ਇਲੈਕਟ੍ਰੋਲ ਰੋਲ 'ਤੇ ਉਪਲਬਧ ਨਹੀਂ ਹੋਣਗੇ।

ਤੁਹਾਨੂੰ ਆਪਣੇ ਚੋਣ ਖੇਤਰ, ਜਿੱਥੇ ਵੋਟ ਪਾਉਣ ਲਈ ਤੁਹਾਡਾ ਨਾਮ ਦਰਜ ਹੈ, ਦੀ ਪੁਸ਼ਟੀ ਕਰਨ ਲਈ ਆਪਣੀ ਵੋਟ ਪਰਚੀ ਦੇ ਨਾਲ ਇੱਕ ਵਾਧੂ ਫਾਰਮ ਭਰਨ ਦੀ ਲੋੜ ਹੋਵੇਗੀ। ਜੇਕਰ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਫਾਰਮ 'ਤੇ ਪਤਾ ਜਾਂ ਨਾਮ ਸਬੰਧੀ ਪਿਛਲੀ ਜਾਣਕਾਰੀ ਪੂਰੀ ਕਰਨ ਦੀ ਲੋੜ ਨਹੀਂ ਹੋਵੇਗੀ। ਪਰ ਇਹ ਜਾਣਕਾਰੀ ਪ੍ਰਦਾਨ ਕਰਨ ਨਾਲ ਸਾਨੂੰ ਵੋਟ ਦੇਣ ਲਈ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਵਿੱਚ ਮਦਦ ਮਿਲਦੀ ਹੈ। ਜਦੋਂ ਤੁਸੀਂ ਵੋਟ ਪਾਉਣ ਵਾਲੇ ਸਥਾਨ 'ਤੇ ਪਹੁੰਚਦੇ ਹੋ, ਤਾਂ ਇਹ ਦੱਸਣ ਲਈ ਕੋਈ ਵਿਅਕਤੀ ਉਪਲਬਧ ਹੋਵੇਗਾ ਕਿ ਤੁਸੀਂ ਕੀ ਕਰਨਾ ਹੈ ।

ਸਥਾਨਕ ਚੋਣਾਂ ਵਿੱਚ ਵੋਟ ਪਾਉਣ ਲਈ, ਤੁਹਾਨੂੰ ਆਪਣੀ ਸਥਾਨਕ ਕਾਉਂਸਿਲ ਵਿਖੇ ਚੋਣ ਖੇਤਰ ਅਫ਼ਸਰ ਨੂੰ ਤੁਹਾਡੇ ਵੋਟਾਂ ਦੇ ਦਸਤਾਵੇਜ਼ ਭੇਜਣ ਲਈ ਕਹਿਣ ਦੀ ਲੋੜ ਹੋਵੇਗੀ।

**ELECTORAL COMMISSION**
TE KAITIAKI TAKE KŌWHIRI

## ਅਪ੍ਰਕਾਸ਼ਿਤ ਸੂਚੀ 'ਤੇ ਕਿਵੇਂ ਜਾਣਾ ਹੈ

ਅਪ੍ਰਕਾਸ਼ਿਤ ਰੋਲ 'ਤੇ ਜਾਣ ਲਈ ਬੇਨਤੀ ਕਰਨ ਵਾਸਤੇ, ਇਸ ਬ੍ਰਾਉਸ਼ਰ ਵਿੱਚ ਨੱਥੀ ਕੀਤੇ ਫਾਰਮ ਨੂੰ ਭਰੋ ਅਤੇ ਸਾਨੂੰ ਵਾਪਿਸ ਭੇਜੋ:

ਜੇਕਰ ਤੁਸੀਂ ਪਹਿਲਾਂ ਤੋਂ ਹੀ ਨਾਮਾਂਕਨ ਨਹੀਂ ਕੀਤਾ ਹੋਇਆ ਹੈ, ਜਾਂ ਤੁਹਾਨੂੰ ਆਪਣੇ ਵੇਰਵੇ ਅੱਪਡੇਟ ਕਰਨ ਦੀ ਲੋੜ ਹੋਵੇਗੀ, ਤਾਂ ਤੁਹਾਨੂੰ ਇੱਕ ਨਾਮਾਂਕਨ ਫਾਰਮ ਭਰਨ ਦੀ ਲੋੜ ਹੋਵੇਗੀ। ਇੱਕ ਨਾਮਾਂਕਨ ਫਾਰਮ ਪ੍ਰਾਪਤ ਕਰਨ ਲਈ, ਇਹਨਾਂ ਦੋ ਵਿਕਲਪਾਂ ਵਿੱਚੋਂ ਕੋਈ ਇੱਕ ਚੁਣੋ:

- **0800 36 76 56** 'ਤੇ ਕਾਲ ਕਰੋ ਅਤੇ ਅਸੀਂ ਤੁਹਾਨੂੰ ਇੱਕ ਨਾਮਾਂਕਨ ਫਾਰਮ ਡਾਕ ਰਾਹੀਂ ਭੇਜਾਂਗੇ
- ਇੱਕ ਨਾਮਾਂਕਨ ਫਾਰਮ ਭਰਨ ਲਈ ਇਸ ਨੂੰ **vote.nz** 'ਤੇ ਡਾਊਨਲੋਡ ਕਰੋ ਅਤੇ ਸਾਨੂੰ ਵਾਪਿਸ ਭੇਜੋ।

## ਮੈਨੂੰ ਕਿਹੜੀ ਸਹਾਇਕ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਹੋਵੇਗੀ?

ਤੁਹਾਨੂੰ ਅਜਿਹੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ ਜੋ ਵਿਖਾਉਂਦੀ ਹੋਵੇ ਕਿ ਤੁਹਾਨੂੰ ਅਪ੍ਰਕਾਸ਼ਿਤ ਰੋਲ 'ਤੇ ਨਾਮਾਂਕਨ ਕਰਨ ਦੀ ਲੋੜ ਕਿਉਂ ਹੈ। ਸ਼ਾਮਲ ਕਰਨ ਵਾਲੀ ਜਾਣਕਾਰੀ ਦੇ ਕੁਝ ਉਧਾਰਣ ਇੱਥੇ ਹਨ। (ਤੁਹਾਨੂੰ ਬੇਨਤੀ ਕਰਨ ਲਈ ਜਾਣਕਾਰੀ ਦੀਆਂ ਇਹ ਸਾਰੀਆਂ ਕਿਸਮਾਂ ਦੀ ਲੋੜ ਨਹੀਂ ਹੈ।)

- ਇੱਕ ਪੱਤਰ ਜੋ ਇਹ ਵਿਆਖਿਆ ਕਰਦਾ ਹੋਵੇ ਕਿ ਤੁਹਾਡਾ ਕੰਮ ਜਾਂ ਵਿਅਕਤੀਗਤ ਸਥਿਤੀਆਂ ਤੁਹਾਨੂੰ ਜੋਖਿਮ ਵਿੱਚ ਕਿਉਂ ਪਾਉਂਦੀਆਂ ਹਨ। ਇਹ ਪੱਤਰ ਤੁਹਾਡੇ ਮਾਲਕ, ਵਕੀਲ, ਸਮਾਜਿਕ ਕਾਰਜਕਰਤਾ, ਜੱਜ ਜਾਂ ਭਾਈਚਾਰੇ ਵਿੱਚ ਕਿਸੇ ਨਾਮੀਂ ਵਿਅਕਤੀ ਵੱਲੋਂ ਹੋ ਸਕਦਾ ਹੈ।
- ਸੁਰੱਖਿਆ ਆਦੇਸ਼ ਦੀ ਇੱਕ ਕਾਪੀ ਜੋ ਪਰਿਵਾਰਕ ਹਿੰਸਾ ਕਨੂੰਨ 2018 (Family Violence Act 2018) ਤਹਿਤ ਲਾਗੂ ਹੈ।
- ਪ੍ਰਤੀਬੰਧ ਆਦੇਸ਼ ਦੀ ਕਾਪੀ ਜੋ ਉਤਪੀੜਨ ਕਨੂੰਨ 1997 (Harassment Act 1997) ਦੇ ਤਹਿਤ ਲਾਗੂ ਹੈ।
- ਕਿਸੇ ਪੁਲਿਸ ਅਧਿਕਾਰੀ ਜਾਂ ਸੁਧਾਰ ਅਧਿਕਾਰੀ ਤੋਂ ਇਹ ਜਾਣਕਾਰੀ ਲੈਣਾ ਕਿ ਤੁਹਾਡਾ ਨਾਮ ਅਤੇ ਪਤਾ ਪ੍ਰਕਾਸ਼ਿਤ ਕਰਨਾ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੀ ਸੁਰੱਖਿਆ ਲਈ ਮਾੜਾ ਕਿਉਂ ਹੋ ਸਕਦਾ ਹੈ।

## Complete this form to apply to go on the unpublished roll.

**Full name:**

**Date of birth:**

**Contact phone number:**

**Email:**

**Address where you are enrolled to vote or have applied to enrol:**

**List the information provided to support your application:**

✓ **Please tick one of the following:**

- ☐ **I am already enrolled to vote**
- ☐ **I am not enrolled and I have enclosed a completed enrolment form**

**Signature**

**Date**

Complete and return to Electoral Commission,
**PO BOX 190, Wellington 6140**

Remember to return any information that supports your application to register on the unpublished roll.

For more information visit **vote.nz**